Identify the nouns and write their types in the space given:

੧. ਮੇਰੀ ਭੈਣ ਦੂਸਰੀ ਜਮਾਤ ਵਿੱਚ ਪੜਦੀ ਹੈ।

..........................................................................
...

੨. ਹਰਜੀਤ ਮੇਰਾ ਮਿੱਤਰ ਹੈ।

..........................................................................
...

੩. ਮੇਰਾ ਪਰਿਵਾਰ ਵੱਡਾ ਹੈ।

..........................................................................

੪. ਮੇਰੀ ਟੀਮ ਚੰਗਾ ਖੇਡੀ।

..........................................................................

੫. ਉਸ ਕੋਲ ਬਹੁਤ ਧਨ ਹੈ।

..........................................................................

੬. ਜੀਤ ਨੇ ਪਾਣੀ ਪੀਤਾ।

..........................................................................

੭. ਅੱਜ ਹਵਾ ਬਹੁਤ ਤੇਜ ਚੱਲ ਰਹੀ ਹੈ।

..........................................................................

੮. ਅੱਜ ਇੱਥੇ ਸ਼ਾਂਤੀ ਹੈ।

..........................................................................

੯. ਕਸਰਤ ਕਰਕੇ ਪਰੀਤ ਨੂੰ ਥਕਾਵਟ ਹੋ ਗਈ।

..........................................................................

Read this story

FIND

ਖਾਸ ਨਾਂਵ

ਇਕੱਠਵਾਚਕ ਨਾਂਵ

ਵਸਤੂਵਾਚਕ ਨਾਂਵ:

ਭਾਵਵਾਚਕ ਨਾਂਵ:

Do This activity in your notebooks

# ਏਕਤਾ ਵਿੱਚ ਸ਼ਕਤੀ

ਇੱਕ ਕਿਸਾਨ ਦੇ ਖੇਤਾਂ ਵਿੱਚ ਇੱਕ ਸੱਪ ਰਹਿੰਦਾ ਸੀ। ਉਹ ਪੰਛੀ, ਚੂਹੇ ਅਤੇ ਡੱਡੂਆਂ ਦਾ ਭੋਜਨ ਕਰਦਾ ਸੀ। ਉਹ ਰਾਤ ਨੂੰ ਸ਼ਿਕਾਰ ਲੱਭਦਾ ਅਤੇ ਦਿਨ ਵੇਲੇ ਸਾਰਾ ਸਮਾਂ ਅਰਾਮ ਕਰਨ ਵਿੱਚ ਗੁਜ਼ਾਰ ਦਿੰਦਾ ਸੀ, ਜਿਸ ਕਰਕੇ ਉਸਦਾ ਸ਼ਰੀਰ ਬਹੁਤ ਮੋਟਾ ਅਤੇ ਭਾਰਾ ਹੋ ਗਿਆ ਸੀ। ਹੁਣ ਉਸਦਾ ਆਪਣੀ ਖੁੱਡ ਵਿੱਚ ਵੜਨਾ ਮੁਸ਼ਕਿਲ ਹੋ ਗਿਆ ਸੀ। ਉਸਨੇ ਆਪਣੇ ਰਹਿਣ ਦਾ ਟਿਕਾਣਾ ਬਦਲਣ ਦਾ ਫੈਸਲਾ ਕੀਤਾ।



ਬਹੁਤ ਸਮਾਂ ਇੱਧਰ-ਉੱਧਰ ਲੱਭਣ ਮਗਰੋਂ ਉਸਨੂੰ ਇੱਕ ਬਹੁਤ ਵੱਡੇ ਤਣੇ ਵਾਲਾ ਦਰਖ਼ਤ ਮਿਲਿਆ ਜਿਸਨੂੰ ਉਸਨੇ ਆਪਣਾ ਘਰ ਬਨਾਉਣ ਦਾ ਫੈਸਲਾ ਕੀਤਾ।

ਉਸ ਦਰਖ਼ਤ ਦੇ ਪੈਰਾਂ ਵਿੱਚ ਕੀੜੀਆਂ ਦਾ ਬਹੁਤ ਵੱਡਾ ਘਰ ਸੀ। ਸੱਪ ਨੂੰ ਉਹ ਚੰਗਾ ਨਾ ਲੱਗਾ। ਸੱਪ ਨੂੰ ਆਪਣੇ ਬਲਵਾਨ ਅਤੇ ਤਾਕਤਵਰ ਹੋਣ ਦਾ ਬਹੁਤ ਹੰਕਾਰ ਸੀ। ਉਸਨੇ ਕੀੜੀਆਂ ਨੂੰ ਆਦੇਸ਼ ਦਿੱਤਾ, "ਤੁਸੀਂ ਇਹ ਥਾਂ ਛੱਡ ਕੇ ਚਲੇ ਜਾਓ।" ਉਸ ਦਰਖ਼ਤ ਉੱਤੇ ਰਹਿੰਦੇ ਬਾਕੀ ਸਾਰੇ ਪੰਛੀ ਅਤੇ ਨਿੱਕੇ ਜੀਵ ਉਸਤੋਂ ਡਰਦੇ ਪਹਿਲਾਂ ਹੀ ਉੱਥੋਂ ਚਲੇ ਗਏ ਸਨ।

ਪਰ ਕੀੜੀਆਂ ਸੱਪ ਤੋਂ ਨਹੀਂ ਡਰਦੀਆਂ ਸਨ। ਉਹਨਾਂ ਨੇ ਸੱਪ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਆਪਣੇ ਕੰਮ ਵਿੱਚ ਮਗਨ ਰਹੀਆਂ। ਸੱਪ ਨੂੰ ਇਹ ਵੇਖ ਕੇ ਬਹੁਤ ਗੁੱਸਾ ਆਇਆ। ਕੀੜੀਆਂ ਨੂੰ ਸਬਕ ਸਿਖਾਉਣ ਲਈ ਉਹ ਉਹਨਾਂ ਦਾ ਘਰ ਢਾਹੁਣ ਦੀ ਕੋਸ਼ਿਸ਼ ਕਰਨ ਲੱਗਾ। ਆਪਣਾ ਘਰ ਢਹਿੰਦਾ ਵੇਖ ਕੇ ਕੀੜੀਆਂ ਨੇ ਇਕੱਠੀਆਂ ਹੋ ਕੇ ਸੱਪ ਉੱਤੇ ਹਮਲਾ ਕਰ ਦਿੱਤਾ।

ਹਜ਼ਾਰਾਂ ਕੀੜੀਆਂ ਸੱਪ ਦੇ ਸ਼ਰੀਰ ਉੱਤੇ ਚੜ੍ਹ ਗਈਆਂ ਅਤੇ ਉਸਨੂੰ ਕੱਟਣ ਲੱਗੀਆਂ। ਇੰਨੀਆਂ ਸਾਰੀਆਂ ਕੀੜੀਆਂ ਦੇ ਕੱਟਣ ਦੀ ਦਰਦ ਸੱਪ ਤੋਂ ਸਹਾਰੀ ਨਾ ਗਈ ਅਤੇ ਉਹ ਦਮ ਤੋੜ ਗਿਆ। ਇਸ ਤਰ੍ਹਾਂ ਕੀੜੀਆਂ ਨੇ ਆਪਣੀ ਏਕਤਾ ਨਾਲ ਇੰਨੇ ਬਲਵਾਨ ਸੱਪ ਦਾ ਖ਼ਾਤਮਾ ਕਰ ਦਿੱਤਾ।

## ਪ੍ਰਸ਼ਨਾਂ ਦੇ ਉੱਤਰ ਲਿਖੋ

| | |
|---|---|
| ਤੁਹਾਡੇ ਪਿਤਾ ਜੀ ਦੇ ਛੋਟੇ ਭਰਾ ਦੀ ਪਤਨੀ? | ਤੁਹਾਡੇ ਦਾਦਾ ਜੀ ਦੀ ਪਤਨੀ? |
| ਤੁਹਾਡੇ ਮਾਤਾ ਜੀ ਦੀ ਮਾਤਾ? | ਤੁਹਾਡੇ ਪਿਤਾ ਜੀ ਦਾ ਛੋਟਾ ਭਰਾ? |
| ਤੁਹਾਡੇ ਦਾਦਾ ਜੀ ਦੀ ਬੇਟੀ ਦਾ ਪਤੀ? | ਤੁਹਾਡੇ ਮਾਤਾ ਜੀ ਦੇ ਮਾਤਾ ਜੀ ਦਾ ਪਤੀ? |
| ਤੁਹਾਡੇ ਮਾਤਾ ਜੀ ਦੇ ਵੀਰ ਜੀ? | ਤੁਹਾਡੇ ਪਿਤਾ ਜੀ ਦੇ ਭੈਣ ਜੀ? |
| ਤੁਹਾਡੇ ਦਾਦਾ ਜੀ ਦੇ ਪਿਤਾ ਜੀ? | ਤੁਹਾਡੇ ਮਾਤਾ ਜੀ ਦੇ ਭੈਣ ਜੀ ਦਾ ਪਤੀ? |
| ਤੁਹਾਡੇ ਭੈਣ ਜੀ ਦਾ ਪੁੱਤਰ? | ਤੁਹਾਡੇ ਮਾਤਾ ਜੀ ਦੇ ਭੈਣ ਜੀ? |
| ਤੁਹਾਡੇ ਵੀਰ ਜੀ ਦਾ ਪੁੱਤਰ? | ਤੁਹਾਡੇ ਤਾਇਆ ਜੀ ਦੀ ਪਤਨੀ? |
| ਤੁਹਾਡੇ ਪਿਤਾ ਜੀ ਦੇ ਵੱਡੇ ਵੀਰ ਜੀ? | ਤੁਹਾਡੇ ਭੈਣ ਜੀ ਦੀ ਪਤੀ? |
| ਤੁਹਾਡੇ ਪਿਤਾ ਜੀ ਦੇ ਪਿਤਾ ਜੀ? | ਤੁਹਾਡੇ ਵੀਰ ਜੀ ਦੀ ਪਤਨੀ? |

# ਮਾਪ-ਤੋਲ

ਹੇਠ ਲਿਖੇ ਵਾਕਾਂ ਨੂੰ ਪੂਰਾ ਕਰਨ ਲਈ ਢੁਕਵਾਂ ਸ਼ਬਦ ਚੁਣ ਕੇ ਲਿਖੋ।

ਕ੍ਰਿਪਾ ਕਰਕੇ ਮੈਨੂੰ ਇੱਕ ਸਾਬਣ ਦੀ ............... ਦਿਓ।



1. ਗੋਲੀ 2. ਬੋਰੀ 3. ਟਿੱਕੀ

ਅੰਮ੍ਰਿਤ ਸਿੰਘ ਰੋਜ਼ ਸਵੇਰੇ ਜੂਸ ਦਾ ............ ਪੀਂਦਾ ਹੈ।



1. ਗਲਾਸ 2. ਥੈਲਾ 3. ਪੀਪਾ

ਵੇਲ ਉੱਤੇ ਅੰਗੂਰਾਂ ਦੇ .............. ਲੱਗੇ ਹੋਏ ਹਨ।



1. ਦਾਣੇ 2. ਗੁੱਛੇ 3. ਲੜੀਆਂ

ਅਸੀਂ ਦੋ .............. ਕੇਲੇ ਖਰੀਦੇ।



1. ਦਰਜਨ 2. ਚਮਚ 3. ਕਿੱਲੋ

ਮਹਿਮਾਨਾਂ ਨੂੰ ਚਾਹ ਦਾ .............. ਪਿਲਾਓ।



1. ਥੈਲਾ 2. ਕੱਪ 3. ਪਤੀਲਾ

ਬਜ਼ਾਰ ਤੋਂ ਇੱਕ ............... ਪਿਆਜ਼ ਲੈ ਆਓ।



1. ਦਰਜਨ 2. ਚਮਚ 3. ਕਿੱਲੋ

ਕਮੀਜ਼ ਲਈ ਦੋ ............... ਕੱਪੜਾ ਬਹੁਤ ਹੋਵੇਗਾ।



1. ਲੀਟਰ 2. ਮੀਟਰ 3. ਇੰਚ

ਦੁੱਧ ਵਿੱਚ ਇੱਕ .............. ਚੀਨੀ ਹੋਰ ਪਾ ਦਿਓ।



1. ਡੱਬੀ 2. ਚਮਚ 3. ਬੋਤਲ

ਦਾਲ ਵਿੱਚ .............. ਕੁ ਲੂਣ ਹੋਰ ਪਵੇਗਾ।



1. ਚੁਟਕੀ 2. ਕਿੱਲੋ 3. ਥੈਲਾ

ਪਕੌੜੇ ਤਲਣ ਲਈ ਇੱਕ ............ ਤੇਲ ਦੀ ਚਾਹੀਦੀ ਹੈ।



1. ਬੋਤਲ 2. ਥੈਲੀ 3. ਡੱਬੀ

Read this essay and write 10-15 lines in your own words .

## 18. ਬਿੱਲੀ

ਬਿੱਲੀ ਦੁਨੀਆ ਦੇ ਲਗਪਗ ਹਰ ਦੇਸ਼ ਵਿਚ ਮਿਲਦੀ ਹੈ। ਬਿੱਲੀ ਸ਼ੇਰ ਦੇ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਦਿੱਸਣ ਨੂੰ ਇਹ ਬੜੀ ਮਸਕੀਨ ਹੁੰਦੀ ਹੈ। ਘਰਾਂ ਵਿਚ ਪਾਲਤੂ ਬਿੱਲੀ ਬੜੀ ਪਿਆਰੀ ਲੱਗਦੀ ਹੈ ਅਤੇ ਬੱਚੇ ਇਸ ਨਾਲ ਖੇਡ ਕੇ ਖ਼ੁਸ਼ ਹੁੰਦੇ ਹਨ। ਆਪਣੀ ਪੂਛ ਹਿਲਾ ਕੇ ਮਾਲਕ ਨਾਲ ਪਿਆਰ ਪ੍ਰਗਟ ਕਰਦੀ ਹੈ।

ਇਹ ਇਕ ਚਾਰ ਪੈਰਾਂ ਵਾਲਾ ਜਾਨਵਰ ਹੈ। ਇਸ ਦਾ ਕੱਦ ਛੋਟਾ ਜਿਹਾ ਹੁੰਦਾ ਹੈ। ਇਸ ਦੀਆਂ ਲੱਤਾਂ ਛੋਟੀਆਂ ਹੁੰਦੀਆਂ ਹਨ ਪਰ ਪੂਛ ਜ਼ਰਾ ਲੰਮੀ ਹੁੰਦੀ ਹੈ। ਇਸ ਦੀਆਂ ਅੱਖਾਂ ਬੜੀਆਂ ਚਮਕਦਾਰ ਹੁੰਦੀਆਂ ਹਨ। ਇਸ ਨੂੰ ਹਨੇਰੇ ਵਿਚ ਚੰਗੀ ਤਰ੍ਹਾਂ ਦਿਸਦਾ ਹੈ। ਇਸ ਦੇ ਦੰਦ ਬੜੇ ਤੇਜ਼ ਹੁੰਦੇ ਹਨ। ਇਸ ਦੇ ਪੈਰ. ਸ਼ੇਰ ਵਾਂਗੂ ਗੱਦੀਦਾਰ ਹੁੰਦੇ ਹਨ।

ਬਿੱਲੀਆਂ ਕਈ ਰੰਗਾਂ ਦੀਆਂ ਹੁੰਦੀਆਂ ਹਨ—ਕੁਝ ਚਿੱਟੀਆਂ, ਕੁਝ ਕਾਲੀਆਂ, ਕੁਝ ਭੂਰੀਆਂ ਤੇ ਕੁਝ ਡਬਖੜੱਬੀਆਂ। ਇਹਨਾਂ ਦੇ ਪਿੰਡੇ ਦੇ ਵਾਲ ਕੂਲੇ ਹੁੰਦੇ ਹਨ।



ਬਿੱਲੀ ਚੂਹੇ ਖਾਂਦੀ ਹੈ। ਚੂਹੇ ਇਸ ਦਾ ਮਨ-ਪਸੰਦ ਭੋਜਨ ਹੈ। ਬਿੱਲੀਆਂ ਦੁੱਧ ਤੇ ਦਹੀਂ ਵੀ ਚਾਅ ਨਾਲ ਖਾਂਦੀਆਂ ਹਨ। ਮੱਖਣ ਵੀ ਇਹਨਾਂ ਨੂੰ ਬਹੁਤ ਪਸੰਦ ਹੈ।

ਬਿੱਲੀ ਚੰਗਾ ਸ਼ਿਕਾਰੀ ਜਾਨਵਰ ਹੈ। ਰਾਤ ਦੇ ਹਨੇਰੇ ਵਿਚ ਇਹ ਚੂਹਿਆਂ ਦੀ ਖ਼ੂਬ ਖ਼ਬਰ ਲੈਂਦੀ ਹੈ। ਇਸ ਤਰ੍ਹਾਂ ਇਹ ਚੂਹਿਆਂ ਤੋਂ ਸਾਨੂੰ ਬਚਾਉਂਦੀ ਹੈ ਕਿਉਂਕਿ ਚੂਹੇ ਘਰ ਵਿਚ ਬਹੁਤ ਨੁਕਸਾਨ ਕਰਦੇ ਹਨ।

ਜੰਗਲੀ ਬਿੱਲੀ ਬਹੁਤ ਬਲਵਾਨ ਹੁੰਦੀ ਹੈ। ਸ਼ਹਿਰਾਂ ਵਿਚ ਇਹ ਨਹੀਂ ਵੇਖੀ ਜਾਂਦੀ। ਇਹ ਬਿਰਛਾਂ 'ਤੇ ਚੜ੍ਹ ਜਾਂਦੀ ਹੈ। ਪੰਛੀ ਇਸ ਨੂੰ ਦੇਖ ਕੇ ਉੱਡ ਜਾਂਦੇ ਹਨ।

**GURUBANI AND VIRSA HOMEWORK:**

186-215 HISTORY QUESTIONS

PAGE 107 **ਘਰ ਆਇਆ, ਮਾਂ ਪਿਉ ਜਾਇਆ** Write a summay , read 5 times , write a paragraph in your own words . Read and Recite Japji Sahib.

ਸੁਲਤਾਨਪੁਰ ਦਾ ਮੋਦੀ ਖ਼ਾਨਾ

# ਸੁਲਤਾਨਪੁਰ ਦਾ ਮੋਦੀ ਖ਼ਾਨਾ

ਗੁਰੂ ਨਾਨਕ ਦੇਵ ਜੀ ਨੂੰ ਸੱਚੇ ਸੌਦੇ ਲਈ ਦਿੱਤੇ ਪੈਸੇ, ਸਾਧਾਂ ਉੱਪਰ ਖ਼ਰਚ ਦੇਣ ਪਿੱਛੋਂ ਉਨ੍ਹਾਂ ਦੇ ਪਿਤਾ ਨੇ ਦੇਖ ਲਿਆ ਸੀ ਕਿ ਗੁਰੂ ਜੀ ਸੌਦਾਗਰੀ ਨਹੀਂ ਕਰ ਸਕਦੇ। ਉਨ੍ਹਾਂ ਨੇ ਆਪਣੇ ਹਾਕਮ, ਰਾਏ ਬੁਲਾਰ ਪਾਸੋਂ ਗੁਰੂ ਜੀ ਲਈ ਕੰਮ ਬਾਰੇ ਸਲਾਹ ਲਈ। ਉਸਨੇ ਕਿਹਾ, "ਮਹਿਤਾ ਜੀ, ਆਪਣੇ ਪੁੱਤਰ ਨੂੰ ਤੁਸੀਂ ਸੁਲਤਾਨਪੁਰ ਉਸਦੀ ਭੈਣ ਨਾਨਕੀ ਪਾਸ ਭੇਜ ਦੇਵੋ। ਸੁਲਤਾਨਪੁਰ ਵਿਚ ਭੈਣ ਨਾਨਕੀ ਦਾ ਪਤੀ, ਜੈ ਰਾਮ, ਨਵਾਬ ਦੌਲਤ ਖ਼ਾਨ ਦੀ ਜਾਗੀਰ ਦੀ ਦੇਖ-ਭਾਲ ਕਰਨ ਦਾ ਵਜ਼ੀਰ ਹੈ। ਭਾਈ ਜੈ ਰਾਮ ਇਸ ਨੂੰ ਨਵਾਬ ਦੌਲਤ ਖ਼ਾਨ ਪਾਸ ਕਿਸੇ ਚੰਗੀ ਨੌਕਰੀ ਉੱਪਰ ਰਖਵਾ ਦੇਵੇਗਾ।"

ਮਹਿਤਾ ਕਾਲੂ ਨੇ ਆਪਣੇ ਹਾਕਮ ਦੀ ਸਲਾਹ ਉਪ੍ਰੰਤ, ਗੁਰੂ ਜੀ ਨੂੰ ਸੁਲਤਾਨਪੁਰ ਭੈਣ ਨਾਨਕੀ ਪਾਸ ਭੇਜ ਦਿੱਤਾ। ਭਾਈ ਜੈ ਰਾਮ ਨੇ ਗੁਰੂ ਜੀ ਦੀ ਜਾਣ-ਪਛਾਣ ਆਪਣੇ ਨਵਾਬ ਨਾਲ ਕਰਵਾਈ। ਹਾਕਮ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਹਿਸਾਬ ਕਿਤਾਬ ਅਤੇ ਫ਼ਾਰਸੀ ਪੜ੍ਹੇ ਹੋਏ ਸਨ ਤਾਂ ਉਸ ਨੇ ਗੁਰੂ ਜੀ ਨੂੰ ਸੁਲਤਾਨਪੁਰ ਦੇ ਮੋਦੀ ਖ਼ਾਨੇ ਵਿਚ ਮੋਦੀ ਦੀ ਨੌਕਰੀ ਉੱਪਰ ਰਖ ਲਿਆ। ਮੋਦੀ ਖ਼ਾਨਾ ਇੱਕ ਬਹੁਤ ਵੱਡਾ ਰਾਸ਼ਨ ਦਾ ਸਟੋਰ ਸੀ, ਜਿਸ ਵਿਚ ਹਾਕਮ ਦੀ ਜ਼ਮੀਨ ਵਿਚ ਖੇਤੀ ਕਰਨ ਵਾਲੇ ਕਿਸਾਨ, ਟੈਕਸ ਵਜੋਂ, ਜ਼ਮੀਨ ਵਿਚ ਪੈਦਾ ਕੀਤੀ ਫ਼ਸਲ ਦਾ ਕੁਝ ਹਿੱਸਾ ਮੋਦੀ ਖ਼ਾਨੇ ਵਿਚ ਜਮ੍ਹਾ ਕਰਵਾਉਂਦੇ ਸਨ। ਮੋਦੀ ਉਸ ਇਕੱਠੀ ਹੋਈ ਜਿਨਸ ਨੂੰ ਫ਼ੌਜ ਦੇ ਲੰਗਰ ਨੂੰ ਭੇਜਦਾ ਸੀ। ਜਿਹੜੀ ਫਾਲਤੂ ਹੋਵੇ ਉਸ ਨੂੰ ਵੇਚ ਕੇ ਪੈਸੇ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਂਦਾ ਸੀ। ਇਸ ਲਈ ਮੋਦੀ ਦਾ ਕੰਮ ਕਾਫ਼ੀ ਜ਼ਿੰਮੇਵਾਰੀ ਦਾ ਸੀ। ਮੋਦੀ ਨੂੰ ਹਰ ਮਹੀਨੇ ਦੀ ਵਿਕਰੀ ਦਾ ਕੁਝ ਹਿੱਸਾ ਮਿਲਦਾ ਸੀ।

ਗੁਰੂ ਜੀ ਨੇ ਮੋਦੀ ਦਾ ਕੰਮ ਸੰਭਾਲਣ ਪਿੱਛੋਂ ਭਾਈ ਮਰਦਾਨੇ ਨੂੰ ਆਪਣੇ ਪਾਸ ਬੁਲਾ ਲਿਆ। ਉਨ੍ਹਾਂ ਦੋਹਾਂ ਦਾ ਹਰ ਰੋਜ਼ ਦਾ ਨੇਮ ਬਣ ਗਿਆ ਸੀ ਕਿ ਸਵੇਰੇ ਉਠ ਕੇ ਵੇਈਂ ਨਦੀ ਵਿਚ ਇਸ਼ਨਾਨ ਕਰਨਾ, ਸੱਚੇ ਮਾਲਕ ਦੀ ਉਸਤਤ ਕਰਨੀ ਅਤੇ ਫਿਰ ਮੋਦੀ ਖ਼ਾਨੇ ਆ ਜਾਣਾ। ਗੁਰੂ ਜੀ ਪਾਸੋਂ ਜਿਹੜਾ ਵੀ ਸੌਦਾ ਲੈਣ ਆਉਂਦਾ ਉਸ ਨੂੰ ਘੱਟ ਦੀ ਥਾਂ ਵੱਧ ਹੀ ਤੋਲ ਕੇ ਦਿੰਦੇ। ਜਿਹੜਾ ਕਿਸਾਨ ਖੇਤੀ ਬਾੜੀ ਦਾ ਟੈਕਸ ਦੇਣ ਲਈ ਜਿਨਸ ਲੈ ਕੇ ਆਉਂਦਾ, ਉਸ ਪਾਸੋਂ ਵੱਧ ਲੈਣ ਦੀ ਕੋਈ ਕੋਸ਼ਿਸ਼ ਨਾ ਕਰਦੇ। ਕੋਈ ਲੋੜਵੰਦ ਗ਼ਰੀਬ ਜਾਂ ਫ਼ਕੀਰ ਆਉਂਦਾ ਤਾਂ ਉਸਦੀ ਲੋੜ ਪੂਰੀ ਕਰ ਦਿੰਦੇ। ਇਸ ਤਰ੍ਹਾਂ ਦਾ ਵਿਹਾਰ ਕਰਦੇ ਹੋਏ ਵੀ ਹਰ ਮਹੀਨੇ ਹਿਸਾਬ ਕਰਨ ਪਿੱਛੋਂ, ਗੁਰੂ ਜੀ ਨੂੰ ਕੁਝ ਨਾ ਕੁਝ ਬਚ ਹੀ ਜਾਂਦਾ। ਹਰ ਕੋਈ ਮੋਦੀ ਖ਼ਾਨੇ ਆਉਣ ਵਾਲਾ ਖ਼ੁਸ਼ ਹੋ ਕੇ ਵਾਪਸ ਜਾਂਦਾ। ਸਭ ਤੋਂ ਵੱਧ ਨਵਾਬ ਦੌਲਤ ਖ਼ਾਨ, ਗੁਰੂ ਜੀ ਦੇ ਈਮਾਨਦਾਰੀ ਨਾਲ ਕੰਮ ਕਰਨ ਉੱਪਰ ਖ਼ੁਸ਼ ਸੀ। ਜਿਸ ਪਾਸ ਕਦੇ ਕਿਸੇ ਨੇ ਜਾ ਕੇ ਮੋਦੀ ਦੀ ਸ਼ਿਕਾਇਤ ਨਹੀਂ ਕੀਤੀ ਸੀ, ਜਿਵੇਂ ਕਿ ਪਹਿਲੇ ਮੋਦੀਆਂ ਦੇ ਘੱਟ ਵੱਧ ਤੋਲਣ ਦੀ ਅਤੇ ਹੋਰ ਹੇਰਾ ਫੇਰੀ ਦੀ ਹੁੰਦੀ ਸੀ।

ਗੁਰੂ ਜੀ ਨੂੰ ਜਦੋਂ ਕਿਸੇ ਨੇ ਪੁੱਛਿਆ, "ਨਾਨਕ, ਅਸੀਂ ਤੈਨੂੰ ਮੋਦੀ ਖ਼ਾਨੇ ਵਿੱਚੋਂ ਗ਼ਰੀਬਾਂ ਦੀਆਂ ਝੋਲੀਆਂ ਭਰਦੇ ਦੇਖਦੇ ਹਾਂ, ਫਿਰ ਵੀ ਮੋਦੀ ਖ਼ਾਨੇ ਨੂੰ ਘਾਟਾ ਕਿਉਂ ਨਹੀਂ ਪੈਂਦਾ ?" ਅੱਗੋਂ ਗੁਰੂ ਜੀ ਉੱਤਰ ਦਿੰਦੇ, "ਮੈਨੂੰ ਇਹ ਮੋਦੀ ਦਾ ਕੰਮ ਉਸ ਮਾਲਕ ਨੇ ਦਿੱਤਾ ਹੈ ਜਿਸ ਨੇ ਇਹ ਗ਼ਰੀਬ ਪੈਦਾ ਕੀਤੇ ਹਨ। ਮੈਂ ਇਹ ਉਸਦਾ ਕੰਮ ਸਮਝ ਕੇ ਨਿਭਾਉਂਦਾ ਹਾਂ, ਫਿਰ ਘਾਟਾ ਕਿਵੇਂ ਪੈ ਸਕਦਾ ਹੈ।"